# ਜਾਣੋ ਕਿ ਬਾਹਰ ਕਿਵੇਂ ਜਾਣਾ ਹੈ

ਹੌਕਸਬਰੀ-ਨਿਪੀਯਨ ਵਾਦੀ ਵਿੱਚ ਹੜ੍ਹ ਨਿਕਾਸੀ ਦੇ ਰਸਤੇ

**ਹੌਕਸਬਰੀ-ਨਿਪੀਯਨ ਵਾਦੀ ਦੇ ਵਿੱਚ ਹੜ੍ਹ ਬਹੁਤ ਹੀ ਘੱਟ ਚਿਤਾਵਨੀ ਦੇ ਨਾਲ ਆ ਸਕਦੇ ਹਨ। ਹੋ ਸਕਦਾ ਹੈ ਕਿ ਨਿਕਾਸੀ ਆਰਡਰ ਜਾਰੀ ਹੋ ਜਾਣ ਤੋਂ ਬਾਅਦ, ਬਾਹਰ ਨਿਕਲਣ ਦੇ ਲਈ ਤੁਹਾਡੇ ਕੋਲ ਕੁਝ ਕੁ ਘੰਟੇ ਹੀ ਹੋਣ। ਤੁਹਾਡੀ ਤਿਆਰੀ ਹੋਣੀ ਚਾਹੀਦੀ ਹੈ ਅਤੇ ਆਪਣੇ ਨਿਕਾਸੀ ਦੇ ਰਸਤਿਆਂ ਨੂੰ ਜਾਣੋ।**

## ਪਤਾ ਹੋਣਾ ਕਿ ਕਿਸ ਵੇਲੇ ਅਤੇ ਕਿਵੇਂ ਸਥਾਨ ਛੱਡਣਾ ਹੈ

ਹੌਕਸਬਰੀ-ਨਿਪੀਯਨ ਵਾਦੀ ਵਿੱਚ ਨੁਕਸਾਨਦੇਹ ਅਤੇ ਖਤਰਨਾਕ ਹੜ੍ਹ ਆਉਣ ਦਾ ਪੁਰਾਣਾ ਇਤਿਹਾਸ ਹੈ। ਤੁਹਾਨੂੰ ਨਿਕਾਸੀ ਦੇ ਆਰਡਰਾਂ (Evacuation orders) ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਤੁਸੀਂ ਆਪਣੇ ਆਪ ਨੂੰ, ਆਪਣੇ ਪਰਿਵਾਰ ਅਤੇ ਆਪਣੇ ਪਾਲਤੂ ਜਾਨਵਰਾਂ ਨੂੰ ਸੁਰੱਖਿਅਤ ਰੱਖ ਸਕੋ। ਤੁਸੀਂ ਆਪਣੇ ਆਸ ਪੜੋਸ ਵਿੱਚ ਹੜ੍ਹਾਂ ਦੇ ਪਾਣੀ ਦੇ ਕੋਈ ਵੀ ਸੰਕੇਤ ਵੇਖੋ, ਆਮ ਤੌਰ ਤੇ ਇਸ ਤੋਂ ਕਾਫੀ ਪਹਿਲਾਂ ਤੁਹਾਨੂੰ ਜਾਣ ਲਈ ਕਹਿ ਦਿੱਤਾ ਜਾਵੇਗਾ। ਇੱਕ ਵਾਰ ਜਦ ਤੁਹਾਨੂੰ ਨਿਕਲਣ ਦਾ ਆਰਡਰ ਦੇ ਦਿੱਤਾ ਜਾਂਦਾ ਹੈ ਤਾਂ ਉਸ ਤੋਂ ਬਾਅਦ ਆਪਣੇ ਘਰ ਵਿੱਚ ਰਹਿਣਾ ਅਤੇ ਪਨਾਹ ਲੈਣਾ ਸੁਰੱਖਿਅਤ ਨਹੀਂ।

ਨਿਕਾਸੀ ਆਰਡਰਾਂ ਅਤੇ ਇਹ ਪਤਾ ਲਗਾਉਣ ਦੇ ਲਈ ਕਿ ਕਿਹੜੇ ਰਸਤੇ ਖੁੱਲੇ ਹੋਏ ਹਨ, ਆਪਣਾ ਸਥਾਨਕ ਅਤੇ ABC ਰੇਡੀਓ ਸੁਣੋ, ਜਾਂ NSW SES ਫੇਸਬੁੱਕ, ਜਾਂ NSW ਪੁਲਿਸ ਫੇਸਬੁੱਕ ਅਤੇ ਟਵੀਟੱਰ ਫਾਲੋ ਕਰੋ।

## ਰਸਤਿਆਂ ਦੇ ਜਾਣਕਾਰ ਬਣੋ

ਨਿਕਾਸੀ ਦੇ ਲਈ ਮਨੋਨੀਤ ਕੀਤੇ ਗਏ 12 ਅਜਿਹੇ ਰਸਤੇ ਹਨ ਜੋ ਕਿ ਵਲੇਜ਼ਿਆ, ਪੈਂਨਰਿਥ-ਈਮਯੂ ਪਲੇਨਜ਼, ਰਿਚਮੰਡ-ਵਿੰਡਸਰ, ਦੱਖਣੀ ਅਤੇ ਪੂਰਬੀ ਕ੍ਰੀਕ ਫਲੱਡਪਲੇਨਜ਼ ਤੋਂ ਨਿਕਲਣ ਦੇ ਲਈ ਸਭ ਤੋਂ ਤੇਜ਼ ਅਤੇ ਸੁਰੱਖਿਅਤ ਤਰੀਕਾ ਪ੍ਰਦਾਨ ਕਰਦੇ ਹਨ (ਤੱਥਸ਼ੀਟ ਦੇ ਪਿੱਛੇ ਬਣਿਆ ਨਕਸ਼ਾ ਵੇਖੋ)

ਤੁਹਾਨੂੰ ਇੱਕ ਨਾਲੋਂ ਵੱਧ ਰਸਤੇ ਬਾਰੇ ਜਾਣੂ ਰਹਿਣਾ ਹੋਵੇਗਾ ਕਿਓਂਕੀ ਹਰ ਹੜ੍ਹ ਵੱਖੋ ਵੱਖਰੇ ਤਰੀਕੇ ਨਾਲ ਵਿਵਹਾਰ ਕਰਦਾ ਹੈ ਅਤੇ ਨਿਕਾਸੀ ਦੇ ਰਸਤੇ ਵੱਖਰੀਆਂ ਥਾਵਾਂ ਤੋਂ ਹੜ੍ਹ ਦੇ ਪਾਣੀ ਦੇ ਨਾਲ ਕੱਟੇ ਜਾਣਗੇ। ਕੁਝ ਰਸਤੇ ਕਾਫੀ ਛੇਤੀ, ਛੋਟੇ ਹੜ੍ਹਾਂ ਨਾਲ ਹੀ ਕੱਟੇ ਜਾ ਸਕਦੇ ਹਨ। ਉਦਾਹਰਣ ਦੇ ਲਈ, ਵਿੰਡਸਰ ਰੋਡ ਇੱਕ ਅਜਿਹੇ ਹੜ੍ਹ ਦੇ ਨਾਲ ਕੱਟੀ ਜਾ ਸਕਦੀ ਹੈ ਜਿਸ ਦੀ 80-ਸਾਲਾਂ ਦੇ ਜੀਵਨਕਾਲ ਵਿੱਚ ਹੋਣ ਦੀ ਸੰਭਾਵਨਾ 98% ਹੈ (ਇਸ ਨੂੰ 20 ਵਿੱਚੋਂ 1 ਦੀ ਸੰਭਾਵਨਾ ਪ੍ਰਤੀ ਹੜ੍ਹ ਸਾਲ ਵੀ ਕਿਹਾ ਜਾਂਦਾ ਹੈ)।

ਇੱਥੋਂ ਤਕ ਕਿ ਤੁਲਨਾਤਮਕ ਤੌਰ ਤੇ ਨਵਾਂ ਬਣਿਆ ਬੁਨਿਆਦੀ ਢਾਂਚਾ (infrastructure) ਵੀ ਵੱਡੇ ਹੜ੍ਹਾਂ ਦੇ ਨਾਲ ਪ੍ਰਭਾਵਿਤ ਹੋ ਸਕਦਾ ਹੈ। ਵਿੰਡਸਰ ਵਿਖੇ ਜਿੱਮ ਐਂਡਰਸਨ ਪੁਲ ਕਿਸੇ ਹੜ੍ਹ ਦੇ ਵਿੱਚ ਕੱਟਿਆ ਜਾਵੇਗਾ ਜਿਸਦੇ 80-ਸਾਲੀ ਜੀਵਨਕਾਲ ਦੇ ਵਿੱਚ ਹੋਣ ਦੀ ਸੰਭਾਵਨਾ 55% ਹੈ (100 ਚੋਂ 1 ਦੀ ਸੰਭਾਵਨਾ ਪ੍ਰਤੀ ਹੜ੍ਹ ਸਾਲ)।

ਇੱਕ ਵਾਰ ਤੁਹਾਨੂੰ ਤੁਹਾਡੇ ਲਈ ਸਭ ਤੋਂ ਵਧੀਆ ਰਸਤਿਆਂ ਬਾਰੇ ਪਤਾ ਲੱਗ ਜਾਵੇ, ਤਾਂ ਆਪਣੇ ਦੋਸਤਾਂ/ ਸਹੇਲੀਆਂ ਜਾਂ ਰਿਸ਼ਤੇਦਾਰਾਂ ਦੇ ਨਾਲ ਕਿਸੇ ਅਜਿਹੇ ਸਥਾਨ ਦਾ ਬੰਦੋਬਸਤ ਕਰਨ ਬਾਰੇ ਗੱਲ ਬਾਤ ਕਰੋ ਜਿੱਥੇ ਤੁਸੀਂ ਜਾ ਸਕੋ। ਯਾਦ ਰੱਖੋ, ਕਿਓਂਕੀ ਹਰ ਹੜ੍ਹ ਵੱਖਰਾ ਹੋ ਸਕਦਾ ਹੈ, ਜਦੋਂ ਇੱਕ ਵਾਰ ਦੇ ਦਿੱਤੇ ਜਾਣ, ਤਾਂ ਨਿਕਾਸੀ ਦੇ ਆਰਡਰਾਂ ਨੂੰ ਮੰਨਣਾ ਮਹੱਤਵਪੂਰਨ ਹੈ।

## ਸੰਕੇਤ ਚਿਨ੍ਹਾਂ ਦੀ ਪਾਲਣਾ ਕਰੋ

ਵਾਹਨ ਚਾਲਕਾਂ ਦਾ ਮਾਰਗਦਰਸ਼ਨ ਕਰਨ ਦੇ ਲਈ ਪੂਰੀ ਹੌਕਸਬਰੀ-ਨਿਪੀਯਨ ਵਾਦੀ ਵਿੱਚ 150 ਨਾਲੋਂ ਵੱਧ ਨਵੇਂ ਹੜ੍ਹ ਨਿਕਾਸੀ ਦੇ ਸੰਕੇਤ ਚਿਨ੍ਹ ਲਗਾਏ ਗਏ ਹਨ। ਚਿਨ੍ਹ ਕਈ ਵੱਖਰੇ ਪ੍ਰਕਾਰ ਦੇ ਹਨ, ਇਨ੍ਹਾਂ ਵਿੱਚ ਕੁਝ ਤਹਿ ਲਗਾਏ ਗਏ ਚਿਨ੍ਹ (folded signs) ਵੀ ਹਨ ਜਿਨ੍ਹਾਂ ਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਜੋ ਕਿ ਹੜ੍ਹ ਅਪਾਤਕਾਲ ਸਥਿਤੀ ਵਿੱਚ ਖੁੱਲ ਜਾਣਗੇ ਜਿਸ ਨਾਲ ਵਾਹਨ ਚਾਲਕਾਂ ਨੂੰ ਵਾਧੂ ਮਾਰਗ ਦਰਸ਼ਨ ਪ੍ਰਦਾਨ ਕਰਾਇਆ ਜਾ ਸਕੇ।

### ਲੋਕਾਂ ਦਾ ਮਾਰਗ ਦਰਸ਼ਨ ਕਰਨ ਦੇ ਲਈ ਸੁਰੱਖਿਅਤ ਖੇਤਰਾਂ ਵੱਲ ਜਾਂਦੇ ਹੋਏ ਖੇਤਰੀ ਹੜ੍ਹ ਨਿਕਾਸੀ ਰਸਤਿਆਂ ਉੱਤੇ ਲਗਾਏ ਗਏ ਸੰਕੇਤ ਚਿਨ੍ਹ



# ਹੜ੍ਹ ਨਿਕਾਸੀ ਦੇ ਰਸਤੇ

## ਹੌਕਸਬਰੀ-ਨਿਪੀਯਨਵਾਦੀ ਵਾਦੀ (Hawkesbury-Nepean Valley)

**ਸੰਦਰਭ**

- Castlereagh Road
- South Creek
- Llandilo Road
- Londonderry Road
- Park Road
- Pitt Town
- Richmond Road
- The Northern Road
- Windsor Road
- Old Northern Road
- M4 Motorway
- Great Western Highway

N

0 5 10

ਕਿਲੋਮੀਟਰ

